# ਸਿਹਤ ਅਤੇ ਸਮਾਜਕ ਦੇਖ-ਭਾਲ ਕਰਣ ਵਾਲੇ ਵਿਵਸਾਇਕਾਂ ਨੂੰ ਕੌਣ ਸੰਚਾਲਿਤ ਕਰਦਾ ਹੈ?

## ਤੁਸੀਂ ਸਿਹਤ ਜਾਂ ਸਮਾਜਕ ਦੇਖ-ਭਾਲ ਦੇ ਵਿਵਸਾਇਕ ਤੋਂ ਕੀ ਉਮੀਦ ਕਰਦੇ ਹੋ?

ਤੁਸੀਂ ਆਪਣੇ ਡਾਕਟਰ, ਨਰਸ, ਡੈਂਟਿਸਟ, ਸੋਸ਼ਲ ਵਰਕਰ ਅਤੇ ਕਿਸੇ ਵੀ ਦੂਜੇ ਸਿਹਤ ਜਾਂ ਸਮਾਜਕ ਦੇਖ-ਭਾਲ ਕਰਣ ਵਾਲੇ ਵਿਵਸਾਇਕ ਤੋਂ ਹੇਠ ਲਿਖੇ ਦੀ ਉਮੀਦ ਕਰਦੇ ਹੋ:

- ਤੁਹਾਡੇ ਨਾਲ ਆਦਰ ਨਾਲ ਪੇਸ਼ ਆਉਣਾ;
- ਤੁਹਾਡੀ ਦੇਖ-ਭਾਲ ਕਰਣ ਲਈ ਜਾਂ ਤੁਹਾਡੇ ਨਾਲ ਪੇਸ਼ ਆਉਣ ਲਈ ਮਾਹਰਤਾਵਾਂ ਅਤੇ ਗਿਆਨ ਦਾ ਹੋਣਾ; ਅਤੇ
- ਉਚੇਰੇ ਪੱਧਰ ਦੇ ਵਿਵਹਾਰ ਨੂੰ ਵਿਖਾਉਣਾ।

ਤੁਸੀਂ ਇਹ ਵੀ ਉਮੀਦ ਕਰ ਸਕਦੇ ਹੋ ਕਿ ਕੋਈ ਕਾਰਵਾਈ ਕਰੇਗਾ ਜੇਕਰ ਤੁਹਾਨੂੰ ਦਿੱਤੇ ਜਾ ਰਹੇ ਇਲਾਜ ਜਾਂ ਦੇਖ-ਭਾਲ ਬਾਰੇ ਕੋਈ ਚਿੰਤਾਵਾਂ ਹਨ।

## ਕੌਣ ਇਸ ਗੱਲ ਨੂੰ ਨਿਸ਼ਚਿਤ ਕਰੇਗਾ ਕਿ ਮਾਨਦੰਡ ਨੂੰ ਪੂਰਾ ਕੀਤਾ ਜਾਵੇ?

ਅਸੀਂ 13 ਸੰਸਥਾਵਾਂ ਹਨ, ਜੋ ਕਿ ਸਿਹਤ ਅਤੇ ਸਮਾਜਕ ਦੇਖ-ਭਾਲ ਦੇ ਨਿਯੰਤ੍ਰਣ ਨਾਲ ਜਾਣੂ ਹਾਂ। ਪੂਰੇ ਯੂ.ਕੇ. ਵਿਚ ਵਿਅਕਤੀਗਤ ਵਿਵਸਾਇਕਾਂ ਨੂੰ ਨਿਯੰਤ੍ਰਿਤ ਕਰ ਕੇ ਅਸੀਂ ਹਰ ਕੋਈ ਇਕ ਜਾਂ ਵਧ ਸਿਹਤ ਅਤੇ ਸਮਾਜਕ ਦੇਖ-ਭਾਲ ਦੇ ਵਿਵਸਾਇਕਾਂ ਦੀ ਨਿਗਰਾਨੀ ਕਰਦੇ ਹਾਂ ਅਤੇ ਨਿਸ਼ਚਿਤ ਕਰਦੇ ਹਾਂ ਕਿ ਮਾਨਦੰਡਾਂ ਨੂੰ ਪੂਰਾ ਕੀਤਾ ਜਾਵੇ।

ਲੋਕਾਂ ਦੇ ਬਚਾਅ ਲਈ ਸਾਨੂੰ ਤਿਆਰ ਕੀਤਾ ਗਿਆ ਸੀ, ਅਤੇ ਇਹ ਨਿਸ਼ਚਿ ਕਰਣ ਲਈ ਬਣਾਇਆ ਗਿਆ ਸੀ ਕਿ ਜਦੋਂ ਤੁਸੀਂ ਉਸ ਕਿਸੇ ਵਿਅਕਤੀ ਨੂੰ ਦੇਖੋ ਜੋ ਸਿਹਤ ਜਾਂ ਸਮਾਜਕ ਦੇਖ-ਭਾਲ ਯੂ.ਕੇ. ਵਿਚ ਦੇ ਰਿਹਾ ਹੈ (ਭਾਵੇਂ ਨਿਜੀ ਜਾਂ ਐਨ.ਐਚ.ਐਸ. ਦੀ) ਤੁਸੀਂ ਇਸ ਗੱਲ ਨੂੰ ਪੱਕਾ ਕਰ ਸਕਦੇ ਹੋ ਕਿ ਉਹ ਮਾਨਦੰਡਾਂ ਨੂੰ ਪੂਰਾ ਕਰਦੇ ਹਨ। ਇਹ ਕਿਤਾਬਚਾ ਉਸ ਕੰਮ ਬਾਰੇ ਦਸਦਾ ਹੈ ਜੋ ਅਸੀਂ ਕਰਦੇ ਹਾਂ ਅਤੇ ਦਸਦਾ ਹੈ ਕਿ ਤੁਸੀਂ ਸਾਨੂੰ ਕਿਵੇਂ ਸੰਪਰਕ ਕਰ ਸਕਦੇ ਹੋ।

## ਤੁਸੀਂ ਇਕ ਵਿਵਸਾਇਕ ਤੋਂ ਉਮੀਦ ਕਰਦੇ ਹੋ ਕਿ ਉਹਦੇ ਕੋਲ ਮਹਾਰਤਾ ਅਤੇ ਗਿਆਨ ਹੋਵੇ ਕਿ ਜਿਸ ਨਾਲ ਉਹ ਤੁਹਾਨੂੰ ਉਚੇਰੇ ਪੱਧਰ ਦਾ ਇਲਾਜ ਜਾਂ ਦੇਖ-ਭਾਲ ਦੇ ਸਕੇ

ਸਾਡੀ ਭੂਮਿਕਾ ਦਾ ਜ਼ਰੂਰੀ ਹਿੱਸਾ ਹੈ ਕਿ ਅਸੀਂ ਇਸ ਗੱਲ ਨੂੰ ਨਿਸ਼ਚਿਤ ਕਰੀਏ ਕਿ ਸਿਹਤ ਅਤੇ ਸਮਾਜਕ ਦੇਖ-ਭਾਲ ਦੇ ਵਿਵਸਾਇਕ ਜੋ ਯੂ.ਕੇ. ਵਿਚ ਕੰਮ ਕਰਦੇ ਹਨ ਉਨ੍ਹਾਂ ਕੋਲ ਮਹਾਰਤਾ ਅਤੇ ਗਿਆਨ ਹੋਵੇ ਜੋ ਉਨ੍ਹਾਂ ਨੂੰ ਕੰਮ ਕਰਣ ਵੇਲੇ ਚਾਹੀਦਾ ਹੈ। ਉਨ੍ਹਾਂ ਦੇ ਕੋਰਸੇਜ਼ ਅਤੇ ਸਿਖਲਾਈ ਲਈ ਅਸੀਂ ਮਾਨਦੰਡ ਸਥਾਪਿਤ ਕੀਤੇ ਹਨ।

ਇਹ ਨਿਸ਼ਚਿਤ ਕਰਣ ਲਈ ਕਿ ਤੁਸੀਂ ਇਲਾਜ ਅਤੇ ਦੇਖ-ਭਾਲ ਉਨ੍ਹਾਂ ਤੋਂ ਹੀ ਹਾਸਿਲ ਕਰੋਂ ਜੋ ਮਾਨਦੰਡਾਂ ਨੂੰ ਪੂਰਾ ਕਰਣ, ਅਸੀਂ ਹਰ ਕੋਈ ਇਕ ਰਜਿਸਟਰ ਰੱਖਦੇ ਹਾਂ। ਕਾਨੂੰਨੀ ਰੂਪ ਵਿਚ, ਸਿਰਫ਼ ਉਹੋ ਲੋਕੀ ਹੀ ਇਨ੍ਹਾਂ ਰਜਿਸਟਰਸ ਵਿਚ ਦਰਜ ਹੋ ਸਕਦੇ ਹਨ ਜਿਨ੍ਹਾਂ ਨੇ ਵਿਖਾਇਆ ਹੋਵੇ ਕਿ ਉਹ ਸਾਡੇ ਮਾਨਦੰਡਾਂ ਨੂੰ ਪੂਰਾ ਕਰ ਸਕਦੇ ਹਨ।

## ਤੁਸੀਂ ਆਪਣੇ ਵਿਵਸਾਇਕਾਂ ਤੋਂ ਉਮੀਦ ਕਰਦੇ ਹੋ ਕਿ ਉਹ ਵਿਵਹਾਰ ਦੇ ਉਚੇਰੇ ਮਾਨਦੰਡਾਂ ਨੂੰ ਵਿਖਾਏ

ਸੰਚਾਲਨ ਕਰਣ ਵਾਲੇ (ਰੈਗੁਲੇਟਰਸ) ਵਿਵਹਾਰ ਕਰਣ ਦੇ ਮਾਨਦੰਡ ਵੀ ਸਥਾਪਿਤ ਕਰਦੇ ਹਨ ਜੋ ਹਰ ਵਿਵਸਾਏ ਦੇ ਸਦੱਸ ਨੂੰ ਮੰਨਣੇ ਹੋਣਗੇ। ਸਵੀਕਾਰ ਕੀਤੇ ਜਾਣ ਵਾਲਾ ਵਿਵਹਾਰ ਕੀ ਹੈ ਇਸ ਬਾਰੇ ਅਸੀਂ ਰਹਿਨੁਮਾਈ ਦਿੰਦੇ ਹਾਂ। ਇਨ੍ਹਾਂ ਮਾਨਦੰਡਾਂ ਨੂੰ ਨਾ ਮੰਨਣ ਦੀ ਹਾਲਤ ਨੂੰ ਅਸੀਂ ਕਾਫ਼ੀ ਗੰਭੀਰਤਾ ਨਾਲ ਲੈਂਦੇ ਹਾਂ।

## ਤੁਸੀਂ ਉਮੀਦ ਕਰਦੇ ਹੋ ਕਿ ਕੋਈ ਕਾਰਵਾਈ ਕਰੇਗਾ ਜੇਕਰ ਤੁਸੀਂ ਜੋ ਇਲਾਜ ਜਾਂ ਦੇਖ-ਭਾਲ ਲਿੱਤੀ ਹੈ ਉਸ ਬਾਰੇ ਤੁਹਾਨੂੰ ਚਿੰਤਾਵਾਂ ਹਨ।

ਜੇਕਰ ਤੁਸੀਂ ਉਸ ਵਿਅਕਤੀ ਦੀ ਯੋਗਤਾ ਬਾਰੇ ਚਿੰਤਿਤ ਹੋ ਜਿਸ ਨੇ ਤੁਹਾਨੀ ਦੇਖ-ਭਾਲ ਕੀਤੀ ਹੈ, ਤੁਸੀਂ ਸਿੱਧੇ ਉਸ ਵਿਅਕਤੀ, ਜਾਂ ਉਸ ਦੇ ਮਾਲਕ ਕੋਲ ਜਾ ਸਕਦੇ ਹੋ। ਤੁਹਾਨੂੰ ਕਿਸੀ ਸੰਸਥਾ ਜਾਂ ਸੇਵਾ ਤੋਂ ਕੋਈ ਸਲਾਹ ਮਿਲ ਸਕਦੀ ਹੈ ਜਿਵੇਂ ਕਿ ਸਿਟਿਜ਼ੰਸ

ਐਡਵਾਈਸ ਬਿਓਰੋ (Citizens Advice Bureau), ਇੰਡਿਪੈਂਡੰਟ ਕੰਪਲੇਂਟਸ ਐਡਵੋਕੇਸੀ ਸਰਵਿਸੀਜ਼, ਇਕ ਕਮਿਊਨਿਟੀ ਹੈਲਥ ਕਾਊਂਸਲ ਜਾਂ ਸਥਾਨਕ ਪੇਸ਼ੰਟ ਐਡਵਾਈਸ ਅਤੇ ਲਿਏਜ਼ੋਂ ਸਰਵਿਸ ਕੋਲੋਂ।

ਲੋਕਾਂ ਦੇ ਬਚਾਅ ਲਈ ਅਸੀਂ ਕਾਰਵਾਈ ਵੀ ਕਰ ਸਕਦੇ ਹਾਂ। ਰਜਿਸਟਰਡ ਕੀਤੇ ਕਰਮਚਾਰੀਆਂ ਬਾਰੇ ਸ਼ਿਕਾਇਤਾਂ ਦੀ ਅਸੀਂ ਜਾਂਚ ਵੀ ਕਰ ਸਕਦੇ ਹਾਂ। ਜੇਕਰ ਹਾਲਤ ਕਾਫ਼ੀ ਗੰਭੀਰ ਹੈ, ਤਾਂ ਯੂ.ਕੇ. ਦੇ ਸੰਬੰਧਿਤ ਦੇਸ਼, ਦੇਸ਼ਾਂ ਵਿਚ ਉਨ੍ਹਾਂ ਦੇ ਕੰਮ ਕਰਣ ਦੇ ਹੱਕ ਨੂੰ ਕਢ ਸਕਦੇ ਹਾਂ।

## ਰਜਿਸਟਰਡ ਕੌਣ ਹੈ?

ਹੇਠ ਲਿਖੇ ਵਿਵਸਾਇਆਂ ਵਿਚੋਂ ਇਕ ਵਿਚ ਕੰਮ ਕਰਣ ਲਈ, ਇਕ ਵਿਅਕਤੀ ਨੂੰ ਸੰਬੰਧਿਤ ਰੈਗੁਲੇਟਰ ਨਾਲ ਰਜਿਸਟਰ ਹੋਣਾ ਚਾਹੀਦਾ ਹੈ। ਜੇਕਰ ਉਹ ਰਜਿਸਟਰਡ ਨਹੀਂ ਹਨ ਅਤੇ ਫਿਰ ਵੀ ਕੰਮ ਕਰਦੇ ਹਨ, ਤਾਂ ਉਹ ਕਾਨੂੰਨ ਨੂੰ ਤੋੜਦੇ ਹਨ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ।

ਸਾਡੇ ਰਜਿਸਟਰ ਪੱਬਲਿਕ ਲਈ ਖੁਲ੍ਹੇ ਹਨ। ਇਸ ਲਈ, ਜੇਕਰ ਤੁਸੀਂ ਦੇਖਣਾ ਚਾਹੋਂ ਕਿ ਜੇਕਰ ਕੋਈ ਵਿਅਕਤੀ ਰਜਿਸਟਰਡ ਹੈ ਤਾਂ ਜਾਂ ਤਾਂ ਸਾਨੂੰ ਕਾਲ ਕਰ ਕੇ ਇਸ ਤਰ੍ਹਾਂ ਕਰ ਸਕਦੇ ਹੋ ਜਾਂ ਸਾਡੇ ਵੈਬਸਾਈਟਸ ਨੂੰ ਦੇਖ ਸਕਦੇ ਹੋ।

**ਜੇਕਰ ਇਸ ਲੀਫ਼ਲੈਟ ਦੀਆਂ ਤੁਹਾਨੂੰ ਹੋਰ ਕਾਪੀਆਂ ਦੀ ਲੋੜ ਹੈ, ਤਾਂ ਕਿਰਪਾ ਕਰ ਕੇ ਇਸ ਈ-ਮੇਲ ਦੇ ਪਤੇ ਤੇ ਲਿਖੋ: regulators@hpc-uk.org. ਜੇਕਰ ਤੁਹਾਨੂੰ ਕਾਪੀਆਂ ਦੂਜੀਆਂ ਭਾਸ਼ਾ ਜਾਂ ਵੱਡੀ ਛਪਾਈ ਵਿਚ ਚਾਹੀਦੀਆਂ ਹਨ ਤਾਂ, ਕਿਰਪਾ ਕਰ ਕੇ ਸਾਡੇ ਕਿਸੇ ਵੀ ਵੈਬਸਾਈਟ ਨੂੰ ਦੇਖੋ।**

## ਸਾਨੂੰ ਸੰਪਰਕ ਕਰੋ:

## ਹੈਲਥਕੇਅਰ

ਜਨਰਲ ਸ਼ਿਰੋਪ੍ਰੈਕਟਿਕ ਕਾਊਂਸਲ (General Chiropractic Council (GCC))
ਸ਼ਿਰੋਪ੍ਰੈਕਟਰਸ (Chiropractors)
ਫ਼ੋਨ: 020 7713 5155 ਜਾਂ www.gcc-uk.org

ਜਨਰਲ ਡੈਂਟਲ ਕਾਊਂਸਲ (General Dental Council (GDC))
ਦੰਦਾਂ ਦੇ ਡਾਕਟਰ, ਦੰਦਾ ਦੇ ਇਲਾਜ ਕਰਣ ਵਾਲੇ, ਦੰਦਾ ਦੀ ਸਫ਼ਾਈ ਵਾਲੇ
31 ਜੁਲੀ 2006 ਤੋਂ – ਦੰਦਾਂ ਦੀ ਨਰਸਾਂ, ਦੰਦਾਂ ਦੇ ਟੈਕਨਿਸ਼ੰਸ, ਕਲੀਨਿਕਲ ਡੈਂਟਲ ਟੈਕਨਿਸ਼ੰਸ ਅਤੇ ਓਰਥੋਡੋਂਨਟਿਕ ਥੈਰੇਪਿਸਟ
ਫ਼ੋਨ: 020 7887 3800 ਜਾਂ www.gdc-uk.org

ਜਨਰਲ ਮੈਡਿਕਲ ਕਾਊਂਸਲ (General Medical Council (GMC)
ਡਾਕਟਰ (Doctors)
ਫ਼ੋਨ: 0845 357 8001 ਜਾਂ www.gmc-uk.org

ਜਨਰਲ ਓਪਟਿਕਲ ਕਾਊਂਸਲ (General Optical Council (GOC))
ਓਪਟਿਸ਼ੰਸ (ਅੱਖਾਂ ਦੇ ਮਾਹਰ) (Opticians)
ਫ਼ੋਨ: 020 7580 3898 ਜਾਂ www.optical.org

ਜਨਰਲ ਓਸਟਿਓਪੈਥੀ ਕਾਊਂਸਲ (General Osteopathic Council (GosC))
ਓਸਟਿਓਪੈਥਸ (Osteopaths)
ਫ਼ੋਨ: 020 7357 6655 ਜਾਂ www.osteopathy.org.uk

ਸਿਹਤ ਦੇ ਮਾਹਰਾਂ ਦਾ ਕਾਊਂਸਲ (Health Professions Council (HPC))
ਕਲਾ ਦੇ ਇਲਾਜ-ਕਰਤਾ, ਜੀਵਵਿਗਿਆਨ ਦਾ ਵਿਗਿਆਨੀ, ਪੈਰਚਿਕਿਤਸਕ, ਪੋਡਿਐਟ੍ਰਿਸਟਸ, ਕਲੀਨਿਕਲ ਵਿਗਿਆਨਕ, ਖ਼ੁਰਾਕ-ਮਾਹਰ, ਵਿਵਸਾਇਕ ਇਲਾਜ-ਕਰਣ ਵਾਲੇ, ਓਪਰੇਟਿੰਗ ਡਿਪਾਰਟਮੈਂਟ ਦੇ ਪ੍ਰੈਕਟਿਸ਼ਨਰਸ, ਓਰਥੋਪੋਟਿਸਟਸ, ਪੈਰਾਮੈਡਿਕਸ, ਫ਼ਿਜ਼ਿਓਥੈਰੇਪਿਸਟਸ, ਪ੍ਰੋਸਥੈਟਿਸਟਸ (ਨਕਲੀ ਅੰਗ ਸੰਬੰਧੀ) ਅਤੇ ਓਰਥੋਟਿਸਟਸ, ਰੇਡਿਓਗ੍ਰਾਫ਼ਰਸ, ਸਪੀਚ ਅਤੇ ਭਾਸ਼ਾ ਦੇ ਇਲਾਜ-ਕਰਣ ਵਾਲੇ।
ਫ਼ੋਨ: 0207 582 0866 ਜਾਂ www.hpc-uk.org

ਨਰਸਿੰਗ ਅਤੇ ਮਿੱਡੀਫ਼ਰੀ ਕਾਊਂਸਲ (Nursing and Midwifery Council (NMC)
ਨਰਸਾਂ, ਮਿੱਡਵਾਈਵਸ ਅਤੇ ਵਿਸ਼ੇਸ਼ਗ ਸਮਾਜਕ ਸਰਬਜਨਕ ਸਿਹਤ ਦੀਆਂ ਨਰਸਾਂ
ਫ਼ੋਨ: 020 7333 6622 ਜਾਂ www.nmc-uk.org

ਦ ਰੌਇਲ ਫ਼ਾਰਮਾਸਿਯੁਟਿਕਲ ਸੋਸਾਇਟੀ ਆਵ ਗ੍ਰੇਟ ਬ੍ਰਿਟੇਨ (Royal Pharmaceutical Society of Great Britain (RPSGB)
ਫ਼ਾਰਮਾਸਿਸਟਸ, ਫ਼ਾਰਮੇਸੀ ਟੈਕਨਿਸ਼ੰਸ (ਸਵੈ-ਇੱਛੁਕ ਰਜਿਸਟਰ ਵਿਚ) ਅਤੇ ਫ਼ਾਰਮੇਸੀ ਦੇ ਖੇਤਰਾਂ ਤੇ
ਫ਼ੋਨ: 020 7735 9141 ਜਾਂ www.rpsgb.org

ਦ ਫ਼ਾਰਮਾਸਿਯੁਟਿਕਲ ਸੋਸਾਇਟੀ ਆਵ ਨਰਦਨ ਆਯਰਲੈਂਡ (Pharmaceutical Society of Northern Ireland (PSNI)
ਫ਼ਾਰਮਾਸਿਸਟਸ ਅਤੇ ਨਰਦਨ ਆਯਰਲੈਂਡ ਵਿਖੇ ਫ਼ਾਰਮੇਸੀ ਦੇ ਖੇਤਰ
ਫ਼ੋਨ: 028 9032 6927 ਜਾਂ www.psni.org.uk

ਦ ਕਾਊਂਸਲ ਫ਼ਾਰ ਹੈਲਥਕੇਅਰ ਰੈਗੁਲੇਟਰੀ ਐਕਸੀਲੈਂਸ (Council for Healthcare Regulatory Excellence (CHRE) ਲੋਕਾਂ ਦਾ ਬਚਾਅ ਕਰਣ, ਚੰਗੇ ਅਭਿਆਸਾਂ ਨੂੰ ਉਜਾਗਰ ਕਰਣ ਅਤੇ ਉਤੇ ਲਿਖੇ ਗਏ ਸਿਹਤ ਦੀ ਦੇਖ-ਭਾਲ ਦੇ ਵਿਵਸਾਇਕਾਂ ਦੇ ਨੌ ਰੈਗੁਲੇਟਰਾਂ ਨੂੰ ਬੇਹਤਰ ਪ੍ਰਦਰਸ਼ਨ ਕਰਣ ਦੇ ਹੌਸਲੇ ਦਾ ਲਕਸ਼ ਰਖਦੀ ਹੈ
www.chre.org.uk

## ਸਮਾਜਕ ਦੇਖ-ਭਾਲ

ਕਾਊਂਸਲ ਸਮੇਂ-ਸਮੇਂ ਤੇ ਵਧ ਸਟਾਫ਼ ਨੂੰ ਰਜਿਸਟਰ ਕਰਣਗੇ। ਤੁਸੀਂ ਹਰ ਕਾਊਂਸਲ ਤੋਂ ਵੇਰਵੇ ਲੈ ਸਕਦੇ ਹੋ।

ਕੇਅਰ ਕਾਊਂਸਲ ਫ਼ਾਰ ਵੇਲਸ (Care Council for Wales)
ਸਮਾਜਕ ਦੇਖ-ਭਾਲ ਦੇ ਕਰਮਚਾਰੀ, ਯੋਗਤਾ ਪ੍ਰਾਪਤ ਸਮਾਜਕ ਕਰਮਚਾਰੀ, ਅਤੇ ਸੋਸ਼ਲ ਵਰਕ ਵਿਦਿਆਰਥੀ ਜੋ ਵੇਲਸ ਵਿਚ ਅਨੁਮੋਦਿਤ ਕੀਤੇ ਗਏ ਡਿਗਰੀ ਕੋਰਸੇਜ਼ ਤੇ ਹਨ
ਫ਼ੋਨ: 0845 0700 399 ਜਾਂ www.ccwales.org.uk

ਦ ਜਨਰਲ ਸੋਸਲ ਕੇਅਰ ਕਾਊਂਸਲ (General Social Care Council (GSCC)
ਸਮਾਜਕ ਦੇਕ-ਭਾਲ ਕਰਣ ਵਾਲੇ, ਯੋਗਤਾ ਪ੍ਰਾਪਤ ਸਮਾਜਕ ਕਰਮਚਾਰੀ, ਅਤੇ ਸਮਾਜਕ ਕੰਮ ਦੇ ਵਿਦਿਆਰਥੀ ਜੋ ਇੰਗਲੈਂਡ ਵਿਖੇ ਅਨੁਮੋਦਿਤ ਡਿਗਰੀ ਦੇ ਕੋਰਸੇਜ਼ ਤੇ ਹਨ
ਫ਼ੋਨ: 020 7397 5100 ਜਾਂ www.gscc.org.uk
ਮਿਨਿਕੱਮ: 020 7397 5103

ਨਰਦਨ ਆਯਰਲੈਂਡ ਸੋਸ਼ਲ ਕੇਅਰ ਕਾਊਂਸਲ (Northern Ireland Social Care Council (NISCC)
ਸੋਸ਼ਲ ਕੇਅਰ ਵਰਕਰਸ, ਯੋਗਤਾ ਪ੍ਰਾਪਤ ਸੋਸ਼ਲ ਵਰਕਰਸ, ਅਤੇ ਸਮਾਜਕ ਕੰਮ ਲਈ ਵਿਦਿਆਰਥੀ ਜੋ ਨਰਦਨ ਆਯਰਲੈਂਡ ਵਿਖੇ ਅਨੁਮੋਦਿਤ ਕੀਤੇ ਗਏ ਡਿਗਰੀ ਕੋਰਸਾਂ ਤੇ ਹਨ
ਫ਼ੋਨ: 02890 417600 ਜਾਂ www.niscc.info
ਟੈਕਸਟਫ਼ੋਨ: 02890 239340

ਸਕੌਟਿਸ਼ ਸੋਸ਼ਲ ਸਰਵਿਸੀਜ਼ ਕਾਊਂਸਲ (Scottish Social Services Council (SSSC)
ਸਮਾਜਕ ਦੇਖ-ਭਾਲ ਦੇ ਕਰਮਚਾਰੀ, ਯੋਗਤਾ ਪ੍ਰਾਪਤ ਸਮਾਜਕ ਕਰਮਚਾਰੀ, ਅਤੇ ਸਮਾਜਕ ਕੰਮ ਵਾਲੇ ਵਿਦਿਆਰਥੀ ਜੋ ਸਕੌਟਲੈਂਡ ਵਿਖੇ ਅਨੁਮੋਦਿਤ ਡਿਗਰੀ ਕੋਰਸ ਤੇ ਹਨ
ਫ਼ੋਨ: 0845 6030 891 ਜਾਂ www.sssc.uk.com

July 2006